ਈ.ਆਰ.ਐਸ

ਕਮਿਸ਼ਨਰੇਟ ਜਲੰਧਰ

# ਪ੍ਰੈਸ ਨੋਟ ਮਿਤੀ 22/02/2024

ਵਿਸ਼ਾ : ਸ਼੍ਰੀ ਗੁਰੂ ਰਵਿਦਾਸ ਜੀ ਦੇ ਸਲਾਨਾ ਜੋੜ ਮੇਲਾ ਅਤੇ ਸ਼ੋਭਾ-ਯਾਤਰਾ ਸਬੰਧੀ।

ਸ਼੍ਰੀ ਗੁਰੂ ਰਵਿਦਾਸ ਮਹਾਰਾਜ਼ ਜੀ ਦੇ ਪ੍ਰਕਾਸ਼ ਦਿਵਸ ਦੇ ਸਬੰਧ ਵਿੱਚ ਸਲਾਨਾ ਜੋੜ ਮੇਲਾ ਮਿਤੀ 22/02/2024 ਤੋਂ ਮਿਤੀ 25/02/2024 ਤੱਕ ਸਤਿਗੁਰੂ ਰਵਿਦਾਸ ਧਾਮ ਬੂਟਾਮੰਡੀ, ਨਕੋਦਰ ਰੋਡ ਜਲੰਧਰ ਵਿੱਖੇ ਮਨਾਇਆ ਜਾਣਾ ਹੈ। ਇਸ ਤੋਂ ਇਲਾਵਾ ਮਿਤੀ 23/02/2024 ਨੂੰ ਜਲੰਧਰ ਸ਼ਹਿਰ ਅੰਦਰ ਵਿਸ਼ਾਲ ਸ਼ੋਭਾ ਯਾਤਰਾ ਸਤਿਗੁਰੂ ਰਵਿਦਾਸ ਧਾਮ ਬੂਟਾਮੰਡੀ ਤੋਂ ਸ਼ੁਰੂ ਹੋ ਕੇ ਵਾਇਆ ਗੁਰੂ ਰਵਿਦਾਸ ਚੋਂਕ-ਨਕੋਦਰ ਚੋਂਕ-ਜੋਤੀ ਚੋਂਕ-ਪੀ.ਐਨ.ਬੀ.ਚੋਂਕ-ਮਿਲਾਪ ਚੋਂਕ-ਸ਼ਹੀਦ ਭਗਤ ਸਿੰਘ ਚੋਂਕ-ਅੱਡਾ ਹੁਸ਼ਿਆਰਪੁਰ-ਮਾਈ ਹੀਰਾ ਗੇਟ-ਪਟੇਲ ਚੋਂਕ-ਸਬਜੀ ਮੰਡੀ ਚੋਂਕ-ਬਸਤੀ ਅੱਡਾ ਚੋਂਕ-ਜੋਤੀ ਚੋਂਕ-ਨਕੋਦਰ ਚੋਂਕ-ਗੁਰੂ ਰਵਿਦਾਸ ਚੋਂਕ ਰਾਂਹੀ ਹੁੰਦੀ ਹੋਈ ਸਤਿਗੁਰੂ ਰਵਿਦਾਸ ਧਾਮ ਬੂਟਾਮੰਡੀ ਜਲੰਧਰ ਵਿੱਖੇ ਸਮਾਪਤ ਹੋਵੇਗੀ। ਇਸ ਸਲਾਨਾ ਜੋੜ ਮੇਲੇ ਅਤੇ ਸ਼ੋਭਾ-ਯਾਤਰਾ ਵਿੱਚ ਭਾਰੀ ਗਿਣਤੀ ਵਿੱਚ ਸ਼ਰਧਾਲੂਆਂ/ਸੰਗਤਾਂ ਅਤੇ ਵੀ.ਆਈ.ਪੀਜ਼ ਦੇ ਸ਼ਾਮਲ ਹੋਣ ਦਾ ਅਨੁਮਾਨ ਹੈ।ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਕਮਿਸ਼ਨਰੇਟ ਜਲੰਧਰ ਵਲੋਂ ਆਮ ਪਬਲਿਕ ਦੀ ਸਹੂਲਤ ਲਈ ਟਰੈਫਿਕ ਡਾਇਵਰਸ਼ਨਾਂ ਅਤੇ ਵਾਹਨਾਂ ਦੀ ਪਾਰਕਿੰਗ ਲਈ ਸਥਾਨ ਨਿਰਧਾਰਿਤ ਕੀਤੇ ਗਏ ਹਨ ਤਾਂ ਜੋ ਇਸ ਦੋਰਾਨ ਆਵਾਜਾਈ ਨੂੰ ਨਿਰਵਿਘਨ ਅਤੇ ਸੁਚਾਰੂ ਤਰੀਕੇ ਨਾਲ ਬਹਾਲ ਰੱਖਿਆ ਜਾ ਸਕੇ:-

**ਸਲਾਨਾ ਜੋੜ ਮੇਲੇ ਦੋਰਾਨ ਟਰੈਫਿਕ ਡਾਇਵਰਸ਼ਨਾਂ ਦਾ ਵੇਰਵਾ** :- ਪ੍ਰਤਾਪਪੁਰਾ ਮੋੜ, ਵਡਾਲਾ ਚੋਂਕ, ਗੁਰੂ ਰਵਿਦਾਸ ਚੋਂਕ, ਨੇੜੇ ਘਈ ਹਸਪਤਾਲ, ਤਿਲਕ ਨਗਰ ਰੋਡ ਨੇੜੇ ਵਡਾਲਾ ਪਿੰਡ ਬਾਗ, ਬੂਟਾਪਿੰਡ ਮੋੜ ਨੇੜੇ ਚਾਰਾਮੰਡੀ, ਮੈਂਨਬਰੋ ਚੋਂਕ, ਮੋੜ ਬਾਵਾ ਸ਼ੂਜ਼ ਫੈਕਟਰੀ, ਜੱਗੂ ਚੋਂਕ (ਸਿਧਾਰਥ ਨਗਰ ਰੋਡ ਨੇੜੇ ਘੁੱਲੇ ਦੀ ਚੱਕੀ), ਮਾਤਾ ਰਾਣੀ ਚੋਂਕ, ਬਬਰੀਕ ਚੋਂਕ, ਡਾਕਟਰ ਅੰਬੇਦਕਰ ਭਵਨ ਮੋੜ ਨਕੋਦਰ ਰੋਡ, ਟੀ-ਪੁਆਂਇੰਟ ਖਾਲਸਾ ਸਕੂਲ ਨਕੋਦਰ ਰੋਡ, ਨਕੋਦਰ ਚੋਂਕ, ਗੁਰੂ ਅਮਰਦਾਸ ਚੋਂਕ, ਸਮਰਾ ਚੋਂਕ, ਅਰਬਨ ਅਸਟੇਟ ਫੇਜ਼-2 ਟਰੈਫਿਕ ਸਿਗਨਲ ਲਾਇਟਾਂ, ਟੀ-ਪੁਆਂਇੰਟ ਨੇੜੇ ਕੋਠੀ ਸ਼੍ਰੀ ਪਵਨ ਟੀਨੂੰ ਆਦਿ। (21)

**ਨੋਟ:** ਉਕਤ ਮਿਤੀਆਂ ਅਨੁਸਾਰ ਸਲਾਨਾ ਜੋੜ ਮੇਲੇ ਦੀ ਸਮਾਪਤੀ ਤੱਕ ਜਲੰਧਰ ਸ਼ਹਿਰ ਤੋਂ ਨਕੋਦਰ-ਸ਼ਾਹਕੋਟ ਸਾਇਡ ਨੂੰ ਆਉਣ-ਜਾਣ ਵਾਲੇ ਸਾਰੇ ਵਾਹਨ/ਸਵਾਰੀ ਬੱਸਾਂ ਸਤਲੁਜ ਚੋਂਕ-ਸਮਰਾ ਚੋਂਕ-ਕੂਲ ਰੋਡ-ਟਰੈਫਿਕ ਸਿਗਨਲ ਲਾਇਟਾਂ ਅਰਬਨ ਅਸਟੇਟ ਫੇਜ-2-CT ਇੰਸਟੀਚਿਊਟ ਵਾਇਆ ਪ੍ਰਤਾਪਪੁਰ-ਨਕੋਦਰ ਰੂਟ ਦਾ ਇਸਤੇਮਾਲ ਕਰਨਗੇ। ਵਡਾਲਾ ਚੋਂਕ ਵਾਇਆ ਗੁਰੂ ਰਵਿਦਾਸ ਚੋਂਕ-ਨਕੋਦਰ ਚੋਂਕ ਰੋਡ ਹਰ ਪ੍ਰਕਾਰ ਦੇ ਵਾਹਨਾਂ ਦੀ ਅਵਾਜਾਈ ਲਈ ਮੁੰਕਮਲ ਤੋਰ ਤੇ ਬੰਦ ਰਹੇਗਾ।

**ਵਾਹਨ ਪਾਰਕਿੰਗ ਸਥਾਨਾਂ ਦਾ ਵੇਰਵਾ** : 1) ਚਾਰਾਮੰਡੀ ਨਕੋਦਰ ਰੋਡ, 2) ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, 3) ਮਾਤਾ ਰਾਣੀ ਚੋਂਕ ਮਾਡਲ ਹਾਊਸ ਵਾਲੀ ਸਾਇਡ ਅਤੇ 4) ਮੈਨਬਰੋ ਚੋਂਕ ਤੋਂ BSNL ਐਕਸਚੇਂਜ ਦੇ ਦੋਵਾਂ ਪਾਸੇ। (4)

CamScanner

## ਮਿਤੀ 23/02/2024 ਨੂੰ ਸ਼ੋਭਾ-ਯਾਤਰਾ ਵਾਲੇ ਦਿਨ ਟਰੈਫਿਕ ਡਾਇਵਰਸ਼ਨਾਂ ਦਾ ਵੇਰਵਾ

:- ਪ੍ਰਤਾਪਪੁਰਾ ਮੋੜ, ਵਡਾਲਾ ਚੋਂਕ, ਟਰੈਫਿਕ ਸਿਗਨਲ ਲਾਇਟਾਂ ਅਰਬਨ ਅਸਟੇਟ ਫੇਜ਼-2, ਟੀ-ਪੁਆਂਇੰਟ ਨੇੜੇ ਕੋਠੀ ਸ਼੍ਰੀ ਪਵਨ ਟੀਨੂੰ, ਗੁਰੂ ਰਵਿਦਾਸ ਚੋਂਕ, ਨੇੜੇ ਘਈ ਹਸਪਤਾਲ, ਤਿਲਕ ਨਗਰ ਰੋਡ ਨੇੜੇ ਵਡਾਲਾ ਪਿੰਡ ਬਾਗ, ਬੂਟਾਪਿੰਡ ਮੋੜ ਨੇੜੇ ਚਾਰਾਮੰਡੀ, ਮੈਂਨਬਰੋ ਚੋਂਕ, ਮੋੜ ਬਾਵਾ ਸ਼ੂਜ਼ ਫੈਕਟਰੀ, ਜੱਗੂ ਚੋਂਕ (ਸਿਧਾਰਥ ਨਗਰ ਰੋਡ ਨੇੜੇ ਘੁੱਲੇ ਦੀ ਚੱਕੀ), ਮਾਤਾ ਰਾਣੀ ਚੋਂਕ, ਬਬਰੀਕ ਚੋਂਕ, ਡਾਕਟਰ ਅੰਬੇਦਕਰ ਭਵਨ ਮੋੜ ਨਕੋਦਰ ਰੋਡ, ਟੀ-ਪੁਆਂਇੰਟ ਖਾਲਸਾ ਸਕੂਲ ਨਕੋਦਰ ਰੋਡ, ਮੋੜ ਅਵਤਾਰ ਨਗਰ, ਨਕੋਦਰ ਚੋਂਕ, ਗੁਰੂ ਅਮਰਦਾਸ ਚੋਂਕ, ਮੋੜ ਰੈਡਕਰਾਸ ਭਵਨ, ਗੁਰੂ ਨਾਨਕ ਮਿਸ਼ਨ ਚੋਂਕ, ਸਮਰਾ ਚੋਂਕ, ਏ.ਪੀ.ਜੇ ਕਾਲਜ ਦੇ ਸਾਹਮਣੇ, ਕਪੂਰਥਲਾ ਚੋਂਕ, ਫੁੱਟਬਾਲ ਚੋਂਕ, ਸਿੱਕਾ ਚੋਂਕ ਪਰੂਥੀ ਹਸਪਤਾਲ, ਊਧਮ ਸਿੰਘ ਨਗਰ, ਵੀ-ਮਾਰਟ ਦੇ ਪਿੱਛੇ, ਪੁਰਾਣੀ ਸਬਜੀ ਮੰਡੀ ਚੋਂਕ, ਕਿਸ਼ਨਪੁਰਾ ਚੋਂਕ, ਮਾਈ ਹੀਰਾ ਗੇਟ, ਟਾਂਡਾ ਰੋਡ ਰੇਲਵੇ ਫਾਟਕ, ਅੱਡਾ ਹੁਸ਼ਿਆਰਪੁਰ, ਦਮੋਰੀਆ ਇਕਹਰੀ ਪੁੱਲੀ, ਮੋੜ ਸ਼੍ਰੀ ਅਵਤਾਰ ਹੈਨਰੀ ਪੈਟਰੋਲ ਪੰਪ, ਪ੍ਰਤਾਪਬਾਗ ਦੇ ਸਾਹਮਣੇ, ਟੀ-ਪੁਆਂਇੰਟ ਫਗਵਾੜਾ ਗੇਟ, ਸ਼ਾਸ਼ਤਰੀ ਚੋਂਕ, ਪ੍ਰੈਸ ਕਲੱਬ ਚੋਂਕ, ਨਾਮਦੇਵ ਚੋਂਕ, ਸਕਾਈਲਾਰਕ ਚੋਂਕ, ਪੀ.ਐਨ.ਬੀ ਚੋਂਕ, ਮੋੜ ਫਰੈਂਡਜ਼ ਸਿਨੇਮਾ, ਮੁਹੱਲਾ ਮਖਦੂਮਪੁਰਾ ਫੁੱਲਾਂ ਵਾਲਾ ਚੋਂਕ, ਜੋਤੀ ਚੋਂਕ, ਨਾਜ ਸਿਨੇਮਾ ਦੇ ਸਾਹਮਣੇ, ਟੀ-ਪੁਆਂਇੰਟ ਸ਼ਕਤੀ ਨਗਰ, ਜੇਲ੍ਹ ਚੋਂਕ, ਮੋੜ ਲਕਸ਼ਮੀ ਨਰਾਇਣ ਮੰਦਰ, ਪੁਰਾਣੀ ਸਬਜ਼ੀ ਮੰਡੀ ਚੋਂਕ, ਪਟੇਲ ਚੋਂਕ, ਵਰਕਸ਼ਾਪ ਚੋਂਕ, ਟੀ-ਪੁਆਂਇੰਟ ਗੋਪਾਲ ਨਗਰ, ਨੇੜੇ ਗਰਾਊਂਡ ਸਾਂਈਦਾਸ ਸਕੂਲ, ਚੋਂਕਪੀਰ ਝੰਡੀਆਂ, ਟੀ-ਪੁਆਂਇੰਟ ਬਸਤੀ ਪੀਰਦਾਦ, ਵਾਈ-ਪੁਆਂਇੰਟ ਈਵਨਿੰਗ ਕਾਲਜ, ਟੀ-ਪੁਆਂਇੰਟ ਅਸ਼ੋਕ ਨਗਰ, ਗੁਰਦੁਆਰਾ ਆਦਰਸ਼ ਨਗਰ ਚੋਂਕ, ਸੈਂਟ ਸੋਲਜਰ ਕਾਲਜ 120 ਫੁੱਟੀ ਰੋਡ, ਥਾਣਾ ਬਸਤੀ ਬਾਵਾ ਖੇਲ੍ਹ ਦੇ ਪਿੱਛੇ ਵਾਲੀ ਗਲੀ, ਗਲੀ ਸਿੰਘ ਸਭਾ ਗੁਰਦੁਆਰਾ ਬਸਤੀ ਗੁੱਜ਼ਾਂ, ਅਦਰਸ਼ ਨਗਰ ਚੋਂਕ ਆਦਿ।

**ਨੋਟ :** ਮਿਤੀ 23/02/2024 ਨੂੰ ਸਮਾਂ 08.00 AM ਤੋਂ 10.00 PM ਤੱਕ ਜਲੰਧਰ ਸ਼ਹਿਰ ਤੋਂ ਕਪੂਰਥਲਾ ਆਉਣ-ਜਾਣ ਵਾਲੀਆਂ ਸਾਰੀਆਂ ਬੱਸਾਂ/ਹੈਵੀ ਵਹੀਕਲ ਨਕੋਦਰ ਚੋਂਕ-ਕਪੂਰਥਲਾ ਚੋਂਕ ਵਾਇਆ ਬਸਤੀ ਬਾਵਾ ਖੇਲ੍ਹ ਰੂਟ ਦੀ ਬਜਾਏ ਪੀ.ਏ.ਪੀ ਚੋਂਕ ਵਾਇਆ ਕਰਤਾਰਪੁਰ-ਕਪੂਰਥਲਾ ਰੂਟ ਦਾ ਇਸਤੇਮਾਲ ਕਰਨਗੇ ਪਰ ਕਪੂਰਥਲਾ ਸਾਇਡ ਤੋਂ ਵਾਇਆ ਬਸਤੀ ਬਾਵਾ ਖੇਲ੍ਹ ਆਉਣ ਵਾਲੇ ਦੁਪਹੀਆ ਵਾਹਨ ਅਤੇ ਕਾਰਾਂ ਆਦਿ ਕਪੂਰਥਲਾ ਚੋਂਕ ਵਾਇਆ ਵਰਕਸ਼ਾਪ ਚੋਂਕ-ਮਕਸੂਦਾਂ ਚੋਂਕ-ਨੈਸ਼ਨਲ ਹਾਈਵੇ ਰੂਟ ਦਾ ਇਸਤੇਮਾਲ ਕਰਨਗੇ।

ਸਮੂਹ ਪਬਲਿਕ/ਸ਼ਰਧਾਲੂਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਮਿਤੀ 22/02/2024 ਤੋਂ 25/02/2024 ਤੱਕ ਸਲਾਨਾ ਜੋੜ ਮੇਲੇ ਦੋਰਾਨ ਅਤੇ ਮਿਤੀ 23/02/2024 ਨੂੰ ਸ਼ੋਭਾ-ਯਾਤਰਾ ਨੂੰ ਮੱਦੇਨਜਰ ਰੱਖਦੇ ਹੋਇਆ ਮਨਾਹੀ ਵਾਲੇ ਰਸਤਿਆ ਦਾ ਇਸਤੇਮਾਲ ਕਰਨ ਦੀ ਬਜਾਏ ਡਾਇਵਰਟ ਕੀਤੇ ਰੂਟਾਂ ਦਾ ਇਸਤੇਮਾਲ ਕੀਤਾ ਜਾਵੇ ਤਾਂ ਜੋ ਟਰੈਫਿਕ ਜਾਮ ਤੋਂ ਬਚਿਆ ਜਾ ਸਕੇ। ਇਸ ਸਬੰਧੀ ਵਧੇਰੇ ਜਾਣਕਾਰੀ ਅਤੇ ਸਹਾਇਤਾ ਲਈ ਈ.ਆਰ.ਐਸ ਹੈਲਪਲਾਇਨ ਨੰਬਰ 0181-2227296 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਰੂਟ ਪਲਾਨ ਨਕਸ਼ਾ ਨਾਲ ਲਫ ਹੈ।**

CamScanner

# Sri Guru Ravidass Ji Shobha Yatra Route, Mela, Diversions & Parking Plan

## JALANDHAR COMMISSIONERATE POLICE




Designer
SK KAPOOR
0181-4615540

CamScanner